# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਮਾਨਸਾ

ਵੱਲ

ਸਮੂਹ ਸਕੂਲ ਮੁੱਖੀ,

ਸਮਿਸ/ਸਹਸ/ਸਸਸ,

ਜਿਲ੍ਹਾ ਮਾਨਸਾ

ਪੱਤਰ ਨੰ: ਜਿ:ਸਾ:ਸੁ/**sci fair**/2016/189

ਮਿਤੀ ਮਾਨਸਾ: 07-11-2016

ਵਿਸ਼ਾ: ਜਿਲ੍ਹਾ ਪੱਧਰੀ ਵਿਦਿਆਰਥੀ ਵਿਗਿਆਨ ਪ੍ਰਦਰਸ਼ਨੀ 2016 ਅਤੇ ਕਿਸ਼ੋਰ ਮੇਲਾ 2016 ਦੇ ਸੰਚਾਲਨ ਸਬੰਧੀ ਹਦਾਇਤਾਂ ਅਤੇ ਸ਼ਡਿਊਲ।

ਆਪ ਜੀ ਨੂੰ ਪਤਾ ਹੀ ਹੈ ਕਿ ਰਾਜ ਸਾਇੰਸ ਸਿੱਖਿਆ ਸੰਸਥਾ ਪੰਜਾਬ ਦੇ ਆਦੇਸ਼ਾਂ ਅਨੁਸਾਰ ਜਿਲ੍ਹਾ ਪੱਧਰੀ 45ਵੀਂ ਵਿਦਿਆਰਥੀ ਵਿਗਿਆਨ ਪ੍ਰਦਰਸ਼ਨੀ 2016 ਅਤੇ ਕਿਸ਼ੋਰ ਮੇਲਾ 2016 ਮਿਤੀ 10-11-2016 ਅਤੇ 11-11-2016 ਨੂੰ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਮਾਨਸਾ ਵਿਖੇ ਕਰਵਾਈ ਜਾ ਰਹੀ ਹੈ। ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਦੀ ਜਿੰਮੇਵਾਰੀ ਗਾਇਡ ਅਧਿਆਪਕ ਦੀ ਹੋਵੇਗੀ। ਸਾਇੰਸ ਮੇਲੇ ਦੇ ਸਾਰੇ ਥੀਮਾਂ ਵਿੱਚ ਤਹਿਸੀਲ ਪੱਧਰ ਤੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੀਆਂ ਟੀਮਾਂ ਦਾ ਜਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਭਾਗ ਲੈਣਾ ਅਤਿ ਜਰੂਰੀ ਹੈ ਅਤੇ ਕਿਸ਼ੋਰ ਮੇਲੇ ਵਿੱਚ ਵਿਦਿਆਰਥੀ ਅਤੇ ਅਧਿਆਪਕ ਸਿੱਧਾ ਜਿਲ੍ਹਾ ਪੱਧਰੀ ਕਿਸ਼ੋਰ ਮੇਲੇ ਵਿੱਚ ਭਾਗ ਲੈਣਗੇ। ਇੱਕ ਮਾਡਲ ਨਾਲ ਸਿਰਫ ਇੱਕ ਵਿਦਿਆਰਥੀ ਅਤੇ ਇੱਕ ਅਧਿਆਪਕ ਨੂੰ ਆਉਣ ਦੀ ਇਜਾਜਤ ਹੋਵੇਗੀ। ਜੇਕਰ ਮਾਡਲ ਨਾਲ ਕੋਈ ਪ੍ਰਤੀਯੋਗੀ ਹਾਜ਼ਰ ਨਹੀ ਹੁੰਦਾ ਤਾਂ ਉਸ ਦਾ ਮੁਲਾਂਕਣ ਨਹੀ ਕੀਤਾ ਜਾਵੇਗਾ। ਜੇਕਰ ਕਿਸੇ ਮਾਡਲ ਲਈ ਬਿਜਲੀ ਦੇ ਕੁਨੈਕਸ਼ਨ ਦੀ ਜਰੂਰਤ ਹੈ ਤਾਂ ਬਿਜਲੀ ਐਕਸਟੈਨਸ਼ਨ ਵਾਇਰ ਦਾ ਪ੍ਰਬੰਧ ਪ੍ਰਤੀਯੋਗੀ ਆਪ ਕਰੇਗਾ। ਵੱਖ ਵੱਖ ਗਤੀਵਿਧੀਆਂ ਅਤੇ ਜੱਜਮੈਂਟ ਵਿੱਚ ਭਾਗ ਲੈਣ ਵਾਲੇ ਅਧਿਆਪਕ ਸਿਰਫ ਮੁਕਾਬਲੇ ਦੀਆਂ ਮਿਤੀਆਂ ਨੂੰ ਹੀ ਹਾਜ਼ਰ ਹੋਣਗੇ।

ਕਿਸੇ ਕਿਸਮ ਦੀ ਜਾਣਕਾਰੀ ਲਈ ਸ਼੍ਰੀ ਕੰਵਲਜੀਤ ਸਿੰਘ ਜਿਲ੍ਹਾ ਸਾਇੰਸ ਸੁਪਰਵਾਈਜਰ ਮਾਨਸਾ ਨਾਲ (8427400742) ਜਾਂ ਸ਼੍ਰੀ ਪਰਵਿੰਦਰ ਸਿੰਘ ਕੰਪਿਊਟਰ ਅਧਿਆਪਕ ਨਾਲ (9815465366) ਸਪੰਰਕ ਕੀਤਾ ਜਾ ਸਕਦਾ ਹੈ।

ਜਿਲ੍ਹਾ ਪੱਧਰੀ ਵਿਦਿਆਰਥੀ ਵਿਗਿਆਨ ਪ੍ਰਦਰਸ਼ਨੀ ਦਾ ਸ਼ਡਿਊਲ ਇਸ ਪ੍ਰਕਾਰ ਹੈ-

## ਮਿਤੀ 10-11-2016

| ਸਮਾਂ | ਸਾਇੰਸ ਮੇਲਾ | ਸਮਾਂ | ਕਿਸ਼ੋਰ ਮੇਲਾ |
|---|---|---|---|
| ਸਵੇਰ 9:00 ਵਜੇ ਤੋ 09:30 ਵਜੇ ਤੱਕ | ਜਿਲ੍ਹਾ ਪੱਧਰੀ ਸਾਇੰਸ ਮੇਲਾ ਅਤੇ ਕਿਸ਼ੋਰ ਮੇਲੇ ਦਾ ਉਦਘਾਟਨ | | |
| ਸਵੇਰ 9:30 ਵਜੇ ਤੋ 10:30 ਵਜੇ ਤੱਕ | ਰਜ਼ਿਸਟ੍ਰੇਸ਼ਨ ਅਤੇ ਮਾਡਲਜ ਦੀ ਇੰਨਟਾਲੇਸ਼ਨ | ਸਵੇਰ 9:30 ਵਜੇ ਤੋ 10:30 ਵਜੇ ਤੱਕ | ਵਿਦਿਆਰਥੀਆਂ ਦੇ ਮੁਕਾਬਲਿਆਂ ਦੀ ਰਜ਼ਿਸਟ੍ਰੇਸ਼ਨ (ਕਿਸ਼ੋਰ ਮੇਲਾ) |
| ਸਵੇਰ 10:30 ਵਜੇ ਤੋ ਦੁਪਿਹਰ 01:00 ਵਜੇ ਤੱਕ | ਜੱਜਮੈਂਟ (ਪਹਿਲਾ ਗੇੜ) | ਸਵੇਰ 10:30 ਵਜੇ ਤੋ ਦੁਪਿਹਰ 01:00 ਵਜੇ ਤੱਕ | ਵਿਦਿਆਰਥੀਆਂ ਦਾ ਲੇਖ ਮੁਕਾਬਲਾ ਅਤੇ ਪੇਟਿੰਗ ਮੁਕਾਬਲਾ |
| ਦੁਪਿਹਰ 01:00 ਵਜੇ ਤੋ 02:00 ਵਜੇ ਤੱਕ | ਲੰਚ ਬਰੇਕ | ਦੁਪਿਹਰ 01:00 ਵਜੇ ਤੋ 02:00 ਵਜੇ ਤੱਕ | ਲੰਚ ਬਰੇਕ |
| ਦੁਪਿਹਰ 02:00 ਵਜੇ ਤੋ ਸ਼ਾਮ 03:30 ਵਜੇ ਤੱਕ | ਜੱਜਮੈਂਟ (ਪਹਿਲਾ ਗੇੜ) | ਦੁਪਿਹਰ 02:00 ਵਜੇ ਤੋ ਸ਼ਾਮ 3:30 ਵਜੇ ਤੱਕ | ਵਿਦਿਆਰਥੀਆਂ ਦਾ ਭਾਸ਼ਣ, ਕੁਇਜ ਮੁਕਾਬਲਾ ਅਤੇ ਸਲੋਗਨ ਰਾਈਟਿੰਗ ਮੁਕਾਬਲਾ |

## ਮਿਤੀ 11-11-2016

<table>
<tr><th>ਸਮਾਂ</th><th>ਸਾਇੰਸ ਮੇਲਾ</th><th>ਸਮਾਂ</th><th>ਕਿਸ਼ੋਰ ਮੇਲਾ</th></tr>
<tr><td>ਸਵੇਰ 9:00 ਵਜੇ ਤੋ 09:30 ਵਜੇ ਤੱਕ</td><td colspan="3">ਜਿਲ੍ਹਾ ਪੱਧਰੀ ਸਾਇੰਸ ਮੇਲਾ ਅਤੇ ਕਿਸ਼ੋਰ ਮੇਲੇ ਦਾ ਉਦਘਾਟਨ</td></tr>
<tr><td rowspan="2">ਸਵੇਰ 9:30 ਵਜੇ ਤੋ 01:00 ਵਜੇ ਤੱਕ</td><td rowspan="2">ਜੱਜਮੈਂਟ (ਦੂਸਰਾ ਗੇੜ)</td><td>ਸਵੇਰ 9:30 ਵਜੇ ਤੋ 10:00 ਵਜੇ ਤੱਕ</td><td>ਅਧਿਆਪਕਾਂ ਦੇ ਮੁਕਾਬਲਿਆਂ ਦੀ ਰਜਿਸ਼ਟ੍ਰੇਸ਼ਨ</td></tr>
<tr><td>ਸਵੇਰ 10:00 ਵਜੇ ਤੋ ਦੁਪਿਹਰ 01:00 ਵਜੇ ਤੱਕ</td><td>ਅਧਿਆਪਕਾਂ ਦਾ ਭਾਸ਼ਣ ਮੁਕਾਬਲਾ ਅਤੇ ਟੀਚਿੰਗ ਏਡ ਮੁਕਾਬਲਾ</td></tr>
<tr><td>ਦੁਪਿਹਰ 01:00 ਵਜੇ ਤੋ 02:00 ਵਜੇ ਤੱਕ</td><td>ਲੰਚ ਬਰੇਕ</td><td>ਦੁਪਿਹਰ 01:00 ਵਜੇ ਤੋ 02:00 ਵਜੇ ਤੱਕ</td><td>ਲੰਚ ਬਰੇਕ</td></tr>
<tr><td>ਦੁਪਿਹਰ 02:00 ਵਜੇ ਤੋ ਸ਼ਾਮ 3:30 ਤੱਕ</td><td colspan="3">ਇਨਾਮ ਵੰਡ ਸਮਾਂਰੋਹ</td></tr>
</table>

*(ਸ਼ਿਵਪਾਲ)*

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਮਾਨਸਾ